ਇੰਜੀਨੀਅਰ ਕਮਲਜੀਤ ਸਿੰਘ ਪਹਿਲੀ ਐਪੀਲੇਟ ਅਥਾਰਟੀ -ਕਮ ਡਾਇਰੈਕਟਰ, ਮੋਨੀਟਰਿੰਗ, ਜਲ ਸਰੋਤ ਵਿਭਾਗ, ਪੰਜਾਬ,ਚੰਡੀਗੜ੍ਹ ਦੀ ਅਦਾਲਤ ਵਿੱਚ ।

ਅਪੀਲ ਨੰਬਰ 1/19

ਵਿਸ਼ਾ:- ਆਰ.ਟੀ.ਆਈ ਐਕਟ 2005 ਅਧੀਨ ਪਹਿਲੀ ਅਪੀਲ ਵਲੋਂ ਸ੍ਰੀ ਮਹਿੰਦਰ ਸਿੰਘ, ਟੀ -2/171, ਜੁਗਿਆਲ ਕਲੌਨੀ, ਸਾਹਪੁਰ ਕੰਡੀ ਟਾਊਨਸਿਪ, ਤਹਿਸੀਲ ਤੇ ਜਿਲਾ ਪਠਾਨਕੋਟ ਵਲੋਂ।

1. ਲੋਕ ਸੂਚਨਾਂ ਅਧਿਕਾਰੀ-ਕਮ-ਕਾਰਜਕਾਰੀ ਇੰਜੀਨੀਅਰ/ਚੌਕਸੀ ਅਤੇ ਕੁਆਲਟੀ ਕੰਟਰੋਲ ਮੰਡਲ, ਅੰਮ੍ਰਿਤਸਰ
2. ਅਪੀਲ ਕਰਤਾ ਸ੍ਰੀ ਮਹਿੰਦਰ ਸਿੰਘ , ਟੀ -2/171, ਜੁਗਿਆਲ ਕਲੌਨੀ, ਸਾਹਪੁਰ ਕੰਡੀ ਟਾਊਨਸਿਪ, ਤਹਿਸੀਲ ਤੇ ਜਿਲਾ ਪਠਾਨਕੋਟ-145029

ਮਿਤੀ 25/04/2019 ਸਮਾਂ: 11.30 ਵੱਜੇ ਸੁਣਵਾਈ ਕੀਤੀ ਗਈ :-

ਲੜੀ ਨੰ: 1 ਅਤੇ 2 ਮਾਨਯੋਗ ਪਹਿਲੀ ਐਪੀਲੇਟ ਅਥਾਰਟੀ-ਕਮ ਡਾਇਰੈਕਟਰ, ਮੋਨੀਟਰਿੰਗ, ਜਲ ਸਰੋਤ ਵਿਭਾਗ, ਪੰਜਾਬ,ਚੰਡੀਗੜ੍ਹ ਦੀ ਅਦਾਲਤ ਵਿੱਚ ਪੇਸ ਹੋਏ। ਦੋਵੇਂ ਧਿਰਾਂ ਨੂੰ ਆਪਣੇ ਪੱਖ ਪੇਸ ਕਰਨ ਹਿੱਤ ਕਿਹਾ ਗਿਆ। ਦੋਵਾਂ ਧਿਰਾਂ ਵਲੋਂ ਪੇਸ਼ ਹੋ ਕੇ ਆਪਣੇ ਬਿਆਨ ਦਰਜ ਕਰਵਾਏ ਗਏ।

ਅਪੀਲ ਕਰਤਾ ਸ੍ਰੀ ਮਹਿੰਦਰ ਸਿੰਘ , ਟੀ -2/171, ਜੁਗਿਆਲ ਕਲੌਨੀ, ਸਾਹਪੁਰ ਕੰਡੀ ਟਾਊਨਸਿਪ, ਤਹਿਸੀਲ ਤੇ ਜਿਲਾ ਪਠਾਨਕੋਟ-145029 ਵਲੋਂ ਦੱਸਿਆ ਗਿਆ ਕਿ :

ਲੋਕ ਸੂਚਨਾਂ ਅਧਿਕਾਰੀ-ਕਮ-ਕਾਰਜਕਾਰੀ ਇੰਜੀਨੀਅਰ/ਚੌਕਸੀ ਅਤੇ ਕੁਆਲਟੀ ਕੰਟਰੋਲ ਮੰਡਲ, ਅੰਮ੍ਰਿਤਸਰ ਨੂੰ ਉਹਨਾ ਦੀ ਅਰਜੀ ਨੰ: 15-16/vig./ASR/WR ਮਿਤੀ 20.02.2019 ਰਾਹੀਂ ਪੂਰੇ ਹਲਫੀਆ ਬਿਆਨਾਂ ਸਹਿਤ ਸਾਰੇ ਲੌੜੀਂਦੇ ਦਸਤਾਵੇਜ ਭੇਜੇ ਸੀ। ਲੋਕ ਸੂਚਨਾਂ ਅਧਿਕਾਰੀ ਵਲੋਂ ਉਹਨਾਂ ਨੂੰ ਸੂਚਨਾਂ ਮੁਹਈਆ ਨਹੀਂ ਕਰਵਾਈ ਗਈ ਹੈ।

ਸ੍ਰੀ ਅਵਤਾਰ ਸਿੰਘ ਕਾਹਲੋਂ, ਲੋਕ ਸੂਚਨਾਂ ਅਧਿਕਾਰੀ-ਕਮ-ਕਾਰਜਕਾਰੀ ਇੰਜੀਨੀਅਰ/ਚੌਕਸੀ ਅਤੇ ਕੁਆਲਟੀ ਕੰਟਰੋਲ ਮੰਡਲ, ਅੰਮ੍ਰਿਤਸਰ ਵਲੋਂ ਆਪਣਾ ਪੱਖ ਪੇਸ਼ ਕਰਦੇ ਹੋਏ ਪੱਤਰ ਨੰ: 1002 /Spl./camp ਮਿਤੀ 25/4/2019 ਰਾਹੀਂ ਆਪਣੇ ਬਿਆਨ ਦਰਜ ਕਰਵਾਏ ਗਏ ਕਿ :

"307/37-ਏ ਮਿਤੀ 28/02/2019 ਅਤੇ ਪੱਤਰ ਨੰ: 486/37-ਏ ਮਿਤੀ 29.03.2019 ਰਾਹੀਂ ਪ੍ਰਾਰਥੀ ਨੂੰ ਸੂਚਿਤ ਕੀਤਾ ਗਿਆ ਸੀ ਕਿ ਪ੍ਰਾਰਥੀ ਵਲੋਂ ਮੰਗੇ ਗਏ ਰਿਕਾਰਡ ਦੀ ਸਿਕਾਇਤ ਪੜਤਾਲ ਅਧੀਨ ਹੈ ਅਤੇ ਪੜਤਾਲ ਅਧੀਨ ਸਿਕਾਇਤ ਸਬੰਧੀ ਰਿਕਾਰਡ ਆਰ.ਈ.ਆਈ. ਐਕਟ 2005 ਦੇ ਪੈਰਾ 8(ਐਚ) ਦੇ ਅਧੀਨ ਮੁਹਈਆ ਨਹੀਂ ਕਰਵਾਇਆ ਜਾ ਸਕਦਾ ਹੈ।"

ਦੋਵੇਂ ਧਿਰਾਂ ਨੂੰ ਸੁਣਨ ਉਪਰੰਤ ਅਤੇ ਆਰ.ਟੀ.ਆਈ ਐਕਟ 2005 ਦੇ ਨਿਯਮਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਇਹ ਫੈਸਲਾ ਲਿਆ ਜਾਂਦਾ ਹੈ ਕਿ ਜੇਕਰ ਮੰਗੀ ਗਈ ਸੂਚਨਾਂ ਪੜਤਾਲ ਅਧੀਨ ਹੈ ਉਸਤੇ ਸੂਚਨਾਂ ਮੁਹਈਆ ਨਹੀਂ ਕਰਵਾਈ ਜਾ ਸਕਦੀ। ਇਸ ਲਈ ਅਪੀਲ ਡਿਸਮਿਸ ਕੀਤੀ ਜਾਂਦੀ ਹੈ ।

sd/- 25/4/19

ਪਹਿਲੀ ਐਪੀਲੇਟ ਅਥਾਰਟੀ-ਕਮ ਡਾਇਰੈਕਟਰ, ਮੋਨੀਟਰਿੰਗ,
ਜਲ ਸਰੋਤ ਵਿਭਾਗ, ਪੰਜਾਬ,ਚੰਡੀਗੜ੍ਹ।

ਨੰ: 09-11 /ਅਪੀਲ/ਮੋਨੀ/2019 ਮਿਤੀ 25/4/2019

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਭੇਜਿਆ ਜਾਂਦਾ ਹੈ :-

1. ਲੋਕ ਸੂਚਨਾਂ ਅਧਿਕਾਰੀ-ਕਮ-ਕਾਰਜਕਾਰੀ ਇੰਜੀਨੀਅਰ/ਚੌਕਸੀ ਅਤੇ ਕੁਆਲਟੀ ਕੰਟਰੋਲ ਮੰਡਲ, ਅੰਮ੍ਰਿਤਸਰ।
2. ਅਪੀਲ ਕਰਤਾ ਸ੍ਰੀ ਮਹਿੰਦਰ ਸਿੰਘ , ਟੀ -2/171, ਜੁਗਿਆਲ ਕਲੌਨੀ, ਸਾਹਪੁਰ ਕੰਡੀ ਟਾਊਨਸਿਪ, ਤਹਿਸੀਲ ਤੇ ਜਿਲਾ ਪਠਾਨਕੋਟ-145029 ਨੂੰ ਰਜਿਸਟਰਡ ਡਾਕ ਰਾਹੀਂ।
3. ਕਾਰਜਕਾਰੀ ਇੰਜੀਨੀਅਰ,ਕੰਪਿਊਟਰ ਸੈਲ,ਜਲ ਸਰੋਤ ਵਿਭਾਗ,ਪੰਜਾਬ,ਚੰਡੀਗੜ੍ਹ ਨੂੰ ਵੈਬਸਾਈਟ ਤੇ ਅਪਲੋਡ ਕਰਨ ਹਿੱਤ ਭੇਜੀ ਜਾਂਦੀ ਹੈ।

25/4/19

ਪਹਿਲੀ ਐਪੀਲੇਟ ਅਥਾਰਟੀ-ਕਮ ਡਾਇਰੈਕਟਰ, ਮੋਨੀਟਰਿੰਗ,
ਜਲ ਸਰੋਤ ਵਿਭਾਗ, ਪੰਜਾਬ,ਚੰਡੀਗੜ੍ਹ।

Scanned by CamScanner